# ਪ੍ਰਾਸਪੈਕਟਸ

## ਮੈਟ੍ਰਿਕੁਲੇਸ਼ਨ ਪਰੀਖਿਆ

## ਪ੍ਰਾਈਵੇਟ ਉਮੀਦਵਾਰਾਂ ਲਈ ਕੇਵਲ ਸਮੈਸਟਰ ਵਿਚੋਂ ਫੇਲ/ਰੀ-ਅਪੀਅਰ/ਓਪਨ ਸਕੂਲ ਰੀ-ਅਪੀਅਰ ਸਬੰਧੀ

## ਸੈਸ਼ਨ : 2011-12

## ਪੰਜਾਬ ਸਕੂਲ ਸਿੱਖਿਆ ਬੋਰਡ

## ਸਾਹਿਬਜ਼ਾਦਾ ਅਜੀਤ ਸਿੰਘ ਨਗਰ

## (ਪੰਜਾਬ)

**ਨੋਟ:- ਫਾਰਮ ਦੀ ਕੀਮਤ 100/- ਰੁਪਏ ਪਰੀਖਿਆ ਫੀਸ ਦੇ ਨਾਲ ਹੀ ਜਮ੍ਹਾਂ ਕਰਵਾਈ ਜਾਵੇ।**

**ਪੰਜਾਬ ਸਕੂਲ ਸਿੱਖਿਆ ਬੋਰਡ**

**ਮੈਟ੍ਰਿਕ ਪਰੀਖਿਆ ਕੇਵਲ ਸਮੈਸਟਰ ਵਿਚੋਂ ਫੇਲ/ਰੀ-ਅਪੀਅਰ/ਓਪਨ ਸਕੂਲ ਰੀ-ਅਪੀਅਰ ਵਾਲੇ ਉਮੀਦਵਾਰਾਂ ਲਈ**

**ਪਰੀਖਿਆ ਫਾਰਮ ਭਰਨ ਸਬੰਧੀ ਜ਼ਰੂਰੀ ਸੂਚਨਾਵਾਂ/ਹਦਾਇਤਾਂ**

1.1 ਪਰੀਖਿਆ ਫਾਰਮ ਭਰਨ ਤੋਂ ਪਹਿਲਾਂ ਪਰੀਖਿਆ ਸਬੰਧੀ ਨਿਯਮ/ਵਿਨਿਯਮ/ਪਾਠ-ਕ੍ਰਮ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ।

1.2 ਉਮੀਦਵਾਰ ਵੱਲੋਂ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਾਉਣ ਨਾਲ ਪਰੀਖਿਆ ਦੇਣ ਦਾ ਅਧਿਕਾਰ ਨਹੀਂ ਬਣ ਜਾਂਦਾ। ਪਰੀਖਿਆ ਉਹੀ ਉਮੀਦਵਾਰ ਦੇ ਸਕਦਾ ਹੈ ਜੋ ਨਿਯਮਾਂ ਅਨੁਸਾਰ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

☞ **1.3 ਉਮੀਦਵਾਰ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਪਰੀਖਿਆ ਫਾਰਮ ਆਪਣੇ ਹੱਥ ਨਾਲ ਭਰੇ,ਉਮੀਦਵਾਰ ਦਾ ਨਾਂ/ਪਿਤਾ ਦਾ ਨਾਂ/ਮਾਤਾ ਦਾ ਨਾਂ/ਜਨਮ ਮਿਤੀ ਅਤੇ ਰਜਿਸਟ੍ਰੇਸ਼ਨ ਨੰਬਰ ਅੱਠਵੀਂ ਦੇ ਸਰਟੀਫਿਕੇਟ ਅਨੁਸਾਰ ਲਿਖਿਆ ਜਾਵੇ ਅਤੇ ਆਪਣੀ ਇੱਕ ਰੰਗੀਨ ਫੋਟੋ ਲੋੜੀਂਦੀ ਥਾਂ ਤੇ ਬਿਨ੍ਹਾਂ ਤਸਦੀਕ ਕੀਤੇ ਅਤੇ ਇੱਕ ਫੋਟੋ ਉਸੇ ਅਧਿਕਾਰੀ ਤੋਂ ਤਸਦੀਕ ਕਰਵਾ ਕੇ ਲੋੜੀਂਦੀ ਥਾਂ ਤੇ ਗੂੰਦ ਨਾਲ ਚਿਪਕਾਈ ਜਾਵੇ ਜੋ ਪਰੀਖਿਆ ਫਾਰਮ ਤਸਦੀਕ ਕਰੇਗਾ।**

1.4 ਅਕੈਡਮੀ ਰਾਹੀਂ ਜਾਂ ਅਕੈਡਮੀ ਦੇ ਪਤੇ ਵਾਲਾ ਕੋਈ ਵੀ ਪਰੀਖਿਆ ਫਾਰਮ ਨਹੀਂ ਲਿਆ ਜਾਵੇਗਾ। ਅਜਿਹਾ ਕਰਨ ਤੇ ਪਰੀਖਿਆ ਫਾਰਮ ਰੱਦ ਕਰ ਦਿੱਤਾ ਜਾਵੇਗਾ।

1.5 ਗਲਤ ਬਿਆਨੀ/ਗਲਤ ਪਤਾ/ਅਧੂਰੇ ਵੇਰਵੇ ਅਤੇ ਯੋਗ ਤਸਦੀਕ ਨਾ ਹੋਣ ਕਾਰਨ/ਫੀਸ ਘੱਟ ਪ੍ਰਾਪਤ ਹੋਣ ਕਾਰਨ ਜਾਂ ਫਾਰਮ ਵਿੱਚ ਕੋਈ ਹੋਰ ਤਰੁੱਟੀ ਹੋਣ ਕਾਰਨ ਉਮੀਦਵਾਰ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ।

1.6 ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ (ਪਰੀਖਿਆ ਫਾਰਮ/ਫੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫਿਕੇਟ ਅਤੇ ਫੋਟੋ ) ਸਮੇਤ ਰੋਲ ਨੰਬਰ ਪ੍ਰਾਪਤ ਕਰਨ ਲਈ ਦਫਤਰ ਨਾਲ ਸੰਪਰਕ ਕੀਤਾ ਜਾਵੇ।

1.7 ਕੇਵਲ ਨੇਤਰਹੀਣ ਅਤੇ ਲਿਖਣ ਤੋਂ ਨਕਾਰਾ ਹੋਏ ਉਮੀਦਵਾਰਾਂ ਲਈ ਲਿਖਾਰੀ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਬਿਨੈ ਪੱਤਰ ਸਾਦੇ ਕਾਗਜ਼ ਤੇ ਸਬੰਧਤ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਕੋਲੋਂ ਡਾਕਟਰੀ ਸਰਟੀਫਿਕੇਟ ਪ੍ਰਾਪਤ ਕਰ ਕੇ ਆਪਣੇ ਪਰੀਖਿਆ ਫਾਰਮ ਦੇ ਨਾਲ ਭੇਜਣ।

1.8 ਪਰੀਖਿਆ ਫੀਸ ਨਿਯਮਾਂ ਅਨੁਸਾਰ ਕੇਵਲ ਅਜਿਹੇ ਉਮੀਦਵਾਰ ਦੀ ਵਾਪਸ ਕੀਤੀ ਜਾਵੇਗੀ ਜੋ ਪਰੀਖਿਆ ਦੇਣ ਤੋਂ ਅਯੋਗ ਹੋਵੇ ਜਾਂ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਉਮੀਦਵਾਰ ਦੀ ਮੌਤ ਹੋ ਗਈ ਹੋਵੇ।

1.9 ਝਗੜੇ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੇਵਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸਥਿਤ ਅਦਾਲਤ ਵਿੱਚ ਹੀ ਕੀਤੀ ਜਾਵੇਗੀ।

2. ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਸਮੈਸਟਰ ਸਿਸਟਮ ਅਧੀਨ ਫੇਲ/ਰੀ-ਅਪੀਅਰ/ਓਪਨ ਸਕੂਲ ਪ੍ਰਣਾਲੀ ਅਧੀਨ ਰੀ-ਅਪੀਅਰ ਆਉਣ ਵਾਲੇ ਉਮੀਦਵਾਰ ਹੀ ਪਰੀਖਿਆ ਦੇਣ ਦੇ ਯੋਗ ਹੋਣਗੇ।

3. **ਪਾਸ ਫਾਰਮੂਲਾ :-**

ਉਮੀਦਵਾਰ ਨੂੰ ਪਾਸ ਹੋਣ ਲਈ ਸਾਰੇ ਵਿਸ਼ਿਆਂ ਵਿੱਚ ਪਾਸ ਹੋਣਾ ਜ਼ਰੂਰੀ ਹੈ।

ਇੱਕ ਜਾਂ ਦੋ ਵਿਸ਼ਿਆਂ ਵਿੱਚ ਫੇਲ ਹੋਣ ਵਾਲਾ ਉਮੀਦਵਾਰ ਰੀ-ਅਪੀਅਰ ਪਰੀਖਿਆ ਦੇਣ ਦੇ ਯੋਗ ਹੋਵੇਗਾ। ਰੀ-ਅਪੀਅਰ ਪਰੀਖਿਆ ਪਾਸ ਕਰਨ ਲਈ ਲਗਾਤਾਰ ਦੋ ਮੌਕੇ ਦਿੱਤੇ ਜਾਣਗੇ। ਕਿਸੇ ਵੀ ਵਿਸ਼ੇ ਵਿੱਚ ਪਾਸ ਹੋਣ ਲਈ ਘੱਟੋ-ਘੱਟ 33 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ ਪ੍ਰੰਤੂ ਵਿਗਿਆਨ ਜਾਂ ਕੋਈ ਹੋਰ ਅਜਿਹੇ ਵਿਸ਼ੇ ਜਿਸ ਦੀ ਪ੍ਰਯੋਗੀ ਪਰੀਖਿਆ ਹੋਣੀ ਹੈ ਨੂੰ ਲਿਖਤੀ ਅਤੇ ਪ੍ਰਯੋਗੀ ਪਰੀਖਿਆ ਵਿੱਚ ਘੱਟੋ-ਘੱਟ ਵੱਖਰੇ ਤੌਰ ਤੇ 33 ਪ੍ਰਤੀਸ਼ਤ ਅੰਕ ਅਤੇ ਕੁੱਲ ਮਿਲਾ ਕੇ 33 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ।

4. **ਪਰੀਖਿਆ ਫਾਰਮ ਤਸਦੀਕ ਕਰਨ ਵਾਲੇ ਸਮਰੱਥ ਅਧਿਕਾਰੀਆਂ ਦੀ ਸੂਚਨਾ ਹੇਠ ਦਰਜ ਹੈ।**

4.1 ਉਮੀਦਵਾਰ ਜਿਹੜੇ ਪੰਜਾਬ ਰਾਜ ਵਿੱਚ ਰਹਿੰਦੇ ਹਨ:- ਪੰਜਾਬ ਸਰਕਾਰ/ਬੋਰਡ ਦੇ ਕਿਸੇ ਵੀ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਜਾਂ ਪੰਜਾਬ ਦੇ ਕਿਸੇ ਪ੍ਰਵਾਨਿਤ ਕਾਲਜ ਦੇ ਪ੍ਰਿੰਸੀਪਲ ਕੋਲੋਂ ਜਾਂ ਜ਼ਿਲ੍ਹਾ/ਮੰਡਲ ਜਾਂ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਉਚ-ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਅਧਿਕਾਰੀ ਤੋਂ ਜਿਸ ਦਾ ਆਹੁਦਾ ਸਹਾਇਕ ਸਕੱਤਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਮੈਂਬਰ ਤੋਂ।

4.2 ਉਮੀਦਵਾਰ ਜਿਹੜੇ ਪੰਜਾਬ ਰਾਜ ਤੋਂ ਬਾਹਰ ਰਹਿੰਦੇ ਹਨ:- **(ੳ) ਨੰ.4.1** ਵਿੱਚ ਦਰਸਾਏ ਕਿਸੇ ਇੱਕ ਅਧਿਕਾਰੀ ਕੋਲੋਂ ਜਾਂ (ਅ) ਸਬੰਧਤ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਅਜਿਹੇ ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ। ਜਾਂ (ੲ) ਪਹਿਲੇ ਦਰਜੇ ਦਾ ਮੈਜਿਸਟ੍ਰੇਟ।

4.3 ਕੇਂਦਰੀ ਇਲਾਕਾ ਚੰਡੀਗੜ੍ਹ ਦੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਸਥਾਨਿਕ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਕੋਲੋਂ ਤਸਦੀਕ ਕਰਵਾ ਸਕਦੇ ਹਨ। ਜਾਂ ਸਥਾਨਿਕ ਸਿੱਖਿਆ ਵਿਭਾਗ ਦੇ ਕਿਸੇ ਅਧਿਕਾਰੀ ਪਾਸੋਂ ਜਿਸਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ।

4.4 ਸੈਨਿਕ ਉਮੀਦਵਾਰ ਪਰੀਖਿਆ ਫਾਰਮ ਆਪਣੇ ਯੂਨਿਟ ਦੇ ਰਜਮੈਂਟ /ਕੰਪਨੀ ਅਫ਼ਸਰ ਤੋਂ ਤਸਦੀਕ ਕਰਵਾਉਣ। ਸੈਨਿਕ ਹੋਣ ਦਾ ਸਬੂਤ ਨਾਲ ਨੱਥੀ ਕੀਤਾ ਜਾਵੇ।

4.5 ਓਪਨ ਸਕੂਲ ਪ੍ਰਣਾਲੀ ਅਧੀਨ ਰੀ-ਅਪੀਅਰ ਆਉਣ ਵਾਲੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਉਸੇ ਅਧਿਐਨ ਕੇਂਦਰ ਦੇ ਮੁਖੀ ਕੋਲੋਂ ਤਸਦੀਕ ਕਰਵਾਉਣ ਜਿਸ ਰਾਹੀਂ ਉਨ੍ਹਾਂ ਨੇ ਪਹਿਲੀ ਵਾਰ ਪਰੀਖਿਆ ਦਿੱਤੀ ਸੀ।

5. **ਪਰੀਖਿਆ ਦਾ ਸ਼ਡਿਊਲ :**

5.1 ਇਹ ਪਰੀਖਿਆ ਸਾਲ ਵਿੱਚ ਦੋ ਵਾਰ ਹੋਵੇਗੀ।

5.2 ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਪਰੀਖਿਆਵਾਂ ਦੇ ਸਮੇਂ ਵਿੱਚ ਲੋੜ ਅਨੁਸਾਰ ਤਬਦੀਲੀ ਕਰ ਸਕਦੇ ਹਨ।

**6. ਦਫ਼ਤਰ ਵਿੱਚ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਵਾਉਣ ਦਾ ਸ਼ਡਿਊਲ :**

| ਬਿਨ੍ਹਾਂ ਲੇਟ ਫੀਸ | ਲੇਟ ਫੀਸ ਵਾਲੀਆਂ ਮਿਤੀਆਂ | | |
|---|---|---|---|
| | 200/- ਰੁ. ਲੇਟ ਫੀਸ | 500/- ਰੁ. ਲੇਟ ਫੀਸ | 2000/- ਰੁ. ਲੇਟ ਫੀਸ (ਚੇਅਰਮੈਨ ਸਾਹਿਬ ਦੀ ਪ੍ਰਵਾਨਗੀ ਨਾਲ) |
| 17/06/2011 | 27/06/2011 | 08/07/2011 | 29/07/2011 |

6.1 ਜੇਕਰ ਆਖਰੀ ਮਿਤੀ ਨੂੰ ਛੁੱਟੀ ਦਾ ਦਿਨ ਹੋਵੇ ਤਾਂ ਉਸ ਤੋਂ ਅਗਲਾ ਕੰਮ ਵਾਲਾ ਦਿਨ ਆਖਰੀ ਮਿਤੀ ਵਾਲਾ ਦਿਨ ਮੰਨਿਆ ਜਾਵੇਗਾ।

6.2 500/- ਰੁਪਏ ਲੇਟ ਫੀਸ ਤੱਕ ਪਰੀਖਿਆ ਫੀਸ ਅਤੇ ਫਾਰਮ ਬੋਰਡ ਦੇ ਖੇਤਰੀ ਦਫਤਰਾਂ ਵਿੱਚ ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਸ ਤੋਂ ਬਾਅਦ ਫਾਰਮ ਕੇਵਲ ਮੁੱਖ ਦਫਤਰ ਵਿੱਚ ਹੀ ਜਮ੍ਹਾਂ ਹੋਣਗੇ।

6.3 ਮਾਰਚ 2011 ਦੀ ਪਰੀਖਿਆ ਵਿੱਚ ਅਪੀਅਰ ਹੋਏ ਉਮੀਦਵਾਰਾਂ ਲਈ ਫੀਸਾਂ ਦਾ ਸ਼ਡਿਊਲ ਨਤੀਜਾ ਘੋਸ਼ਿਤ ਹੋਣ ਤੋਂ ਬਾਅਦ ਜਾਰੀ ਕੀਤਾ ਜਾਵੇਗਾ।

**ਜਰੂਰੀ ਨੋਟ :- ਉਪਰੋਕਤ ਤੋਂ ਇਲਾਵਾ ਫਾਰਮ ਦੀ ਫੀਸ 100/- ਰੁਪਏ ਪ੍ਰੀਖਿਆ ਫੀਸ ਦੇ ਨਾਲ ਵੱਖਰੇ ਤੌਰ ਤੇ ਜਮ੍ਹਾਂ ਕਰਵਾਈ ਜਾਵੇ।**

## ਪਰੀਖਿਆ ਫੀਸ:-

**7. ਸਮੈਸਟਰ ਸਿਸਟਮ ਅਧੀਨ ਫੇਲ/ਰੀ-ਅਪੀਅਰ/ਓਪਨ ਸਕੂਲ ਰੀ-ਅਪੀਅਰ ਉਮੀਦਵਾਰਾਂ ਲਈ:-**

7.1 ਪੰਜਾਬ ਰਾਜ ਦੇ ਉਮੀਦਵਾਰ

500/- ਰੁਪਏ (+40/- ਰੁ. ਪ੍ਰਤੀ ਪ੍ਰਯੋਗੀ ਵਿਸ਼ਾ) (ਪ੍ਰਤੀ ਸਮੈਸਟਰ)

7.2 ਪੰਜਾਬ ਰਾਜ ਤੋਂ ਬਾਹਰਲੇ ਉਮੀਦਵਾਰ

700/- ਰੁਪਏ (+40/- ਰੁ. ਪ੍ਰਤੀ ਪ੍ਰਯੋਗੀ ਵਿਸ਼ਾ) (ਪ੍ਰਤੀ ਸਮੈਸਟਰ)

**8 ਓਪਨ ਸਕੂਲ, ਰੀ-ਅਪੀਅਰ ਦੇ ਉਮੀਦਵਾਰ**

8.1 ਪੰਜਾਬ ਰਾਜ ਦੇ ਉਮੀਦਵਾਰ

500/- ਰੁਪਏ (+40/- ਰੁ. ਪ੍ਰਤੀ ਪ੍ਰਯੋਗੀ ਵਿਸ਼ਾ)

8.2 ਪੰਜਾਬ ਰਾਜ ਤੋਂ ਬਾਹਰਲੇ ਉਮੀਦਵਾਰ

700/- ਰੁਪਏ (+40/- ਰੁ. ਪ੍ਰਤੀ ਪ੍ਰਯੋਗੀ ਵਿਸ਼ਾ)

**9 ਉਮੀਦਵਾਰ ਕੇਵਲ ਤਹਿਸੀਲ/ਜਿਲਾ ਹੈਡਕੁਆਟਰ ਤੇ ਬਣੇ ਪਰੀਖਿਆ ਕੇਂਦਰ ਤੇ ਹੀ ਪਰੀਖਿਆ ਦੇਵੇਗਾ।**

| ਜਿਲ੍ਹਿਆਂ ਦੇ ਨਾਮ ਅਤੇ ਕੋਡ | | ਵਿਸ਼ਾ ਕੋਡ | ਵਿਸ਼ੇ |
|---|---|---|---|
| ਜਿਲਾ ਕੋਡ | ਜਿਲ੍ਹੇ ਦਾ ਨਾਂ | 10 | URDU ELECTIVE |
| 010 | ਅੰਮ੍ਰਿਤਸਰ | 11 | PERSIAN |
| 020 | ਬਠਿੰਡਾ | 12 | ARABIC |
| 025 | ਬਰਨਾਲਾ | 68 | SPANISH |
| 030 | ਫਰੀਦਕੋਟ | 15 | FRENCH |
| 040 | ਫਤਹਿਗੜ੍ਹ ਸਾਹਿਬ | 16 | GERMAN |
| 050 | ਫਿਰੋਜ਼ਪੁਰ | 50 | KOREAN |
| 060 | ਗੁਰਦਾਸਪੁਰ | 69 | YOGA |
| 070 | ਹੁਸ਼ਿਆਰਪੁਰ | 28 | MECH. DRAWING & PAINTING |
| 080 | ਜਲੰਧਰ | 29 | CUTT. & TAILORING |
| 090 | ਕਪੂਰਥਲਾ | 30 | MUSIC (VOCAL) |
| 100 | ਲੁਧਿਆਣਾ | 31 | MUSIC (INSTR.) |
| 110 | ਮਾਨਸਾ | 32 | MUSIC (TABLA) |
| 120 | ਮੋਗਾ | 33 | HOME SCIENCE |
| 130 | ਸ਼੍ਰੀ ਮੁਕਤਸਰ | 35 | AGRICULTURE |
| 140 | ਸ਼ਹੀਦ ਭਗਤ ਸਿੰਘ .ਨਗਰ | 38 | REP & MAINT OF HHEA |
| 150 | ਪਟਿਆਲਾ | 39 | ELECTRONIC TECHNOLOGY |
| 160 | ਰੂਪਨਗਰ | 40 | REPAIR & MAINTENANCE OF FARM POWER & MACHINERY |
| 165 | ਸਾਹਿਬਜ਼ਾਦਾ ਅਜੀਤ ਸਿੰਘ ਨਗਰ | 41 | WELDING |
| 170 | ਸੰਗਰੂਰ | 42 | REP & MAINT OF SCOOTER & MOTORCYCLE |
| 175 | ਤਰਨਤਾਰਨ | 43 | BASIC GARMENT TECHNOLOGY |
| 180 | ਚੰਡੀਗੜ੍ਹ ਤੇ ਦੂਜੇ ਰਾਜ | 44 | WOOD CRAFT |
| ਵਿਸ਼ੇ ਵਾਰ ਵਿਸ਼ਾ ਕੋਡ | | 45 | BASIC OFFICE WORK & STENOGRAPHY |
| ਵਿਸ਼ਾ ਕੋਡ | ਵਿਸ਼ੇ | 46 | GENERAL HOTRICULTURE |
| 01 | PUNJABI | 47 | KNITTING (HAND & MACHINE) |
| 07 | PUNJAB HISTORY AND CULTURE | 48 | ENGG. DRAFTING & DUPLICATING |
| 02 | ENGLISH | 34 | COMPUTER SCINCE (PRE-VOCATIONAL) |
| 03 | HINDI | 49 | FOOD PRESERVATION |
| 04 | MATHEMATICS | 51 | WEAVING TECHNOLOGY |
| 05 | SCIENCE | 52 | COMMERCIAL ART |
| 06 | SOCIAL STUDIES | 53 | MANUFACTURING OF SPORTS GOODS |
| 08 | HEALTH & PHY. EDU. | 54 | MANUFACTURING OF LEATHER GOODS |
| 63 | COMPUTER SCIENCE | 71 | URDU (INLIEU OF HINDI) |
| 09 | SANSKRIT | | |
| 18 | RUSSIAN | | |

## ਰਸੀਦ

(ਉਮੀਦਵਾਰ ਆਪਣੇ ਹੱਥ ਨਾਲ ਭਰੇ)

ਨੋਟ : ਇਹ ਰਸੀਦ ਉਮੀਦਵਾਰ ਰੋਲ ਨੰਬਰ ਮਿਲਣ ਤੱਕ ਆਪਣੇ ਕੋਲ ਸੰਭਾਲ ਕੇ ਰੱਖੇ। ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫ਼ਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ (ਪਰੀਖਿਆ ਫ਼ਾਰਮ/ਫ਼ੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫ਼ਿਕੇਟ ਅਤੇ ਫ਼ੋਟੋ) ਸਮੇਤ ਦਫ਼ਤਰ ਨਾਲ ਸੰਪਰਕ ਕੀਤਾ ਜਾਵੇ।

ਮੈਟ੍ਰਿਕ ਪਰੀਖਿਆ ਪ੍ਰਾਈਵੇਟ ਉਮੀਦਵਾਰ ਕੇਵਲ ਸਮੈਸਟਰ ਵਿਚੋਂ ਫੇਲ/ਰੀ-ਅਪੀਅਰ/ਓਪਨ ਸਕੂਲ ਰੀ-ਅਪੀਅਰ ਸੈਸ਼ਨ 2011-12

ਪਰੀਖਿਆ ਫੀਸ ਦੀ ਰਕਮ.......................................ਰੁਪਏ, ਬੋਰਡ ਰਸੀਦ ਨੰ:..................................ਮਿਤੀ...........................................

ਉਮੀਦਵਾਰ ਦਾ ਨਾਂ............................................................ ਪਿਤਾ ਦਾ ਨਾਂ ..........................................................................

ਮਾਤਾ ਦਾ ਨਾਂ ....................................................................... ਜ਼ਿਲ੍ਹਾ ....................................................... ਦਾ ਪਰੀਖਿਆ ਫਾਰਮ

ਮਿਤੀ ................................................. ਨੂੰ ਪ੍ਰਾਪਤ ਕੀਤਾ।

ਹਸਤਾਖਰ ਪ੍ਰਾਪਤ ਕਰਤਾ

ਦਫ਼ਤਰੀ ਮੋਹਰ